ਵਲੋਂ

ਇਨਸਪੈਕਟਰ ਆਡਿਟ,
ਸਹਿਕਾਰੀ ਸਭਾਵਾਂ,
ਫੋਕਲ ਪੁਆਇੰਟ ਮੀਆਂਪੁਰ ।

ਵੱਲ

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ,
ਮੋਹਾਲੀ ।

ਵਿਸ਼ਾ : ਦੀ ਯੂਨਾਇਟਿਡ ਕੋਆ. ਹਾਊਸ ਬਿਲਡਿੰਗ ਸਭਾ ਲਿਮਟਿਡ ਦਾਓਂ ਔਟ ਮੋਹਾਲੀ ਦੀ ਇੰਟਰਮ ਆਡਿਟ ਰਿਪੋਰਟ ਸਾਲ 01.04.2004 ਤੋਂ 31.03.2005 ਭੇਜਣ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਦੀ ਯੂਨਾਇਟਿਡ ਕੋਆ. ਹਾਊਸ ਬਿਲਡਿੰਗ ਸਭਾ ਦੀ ਪੜਤਾਲ ਲਈ 01.04.04 ਤੋਂ 31.03.05 ਤਕ ਪੇਸ਼ ਕੀਤੇ ਰੀਕਾਰਡ ਵਿਚ ਹੇਠ ਲਿਖੇ ਅਨੁਸਾਰ ਪਾਈਆਂ ਗਈਆਂ ਉਣਤਾਈਆਂ :-

1) ਸਭਾ ਵਿਚ ਵੌਚਰ ਨਹੀਂ ਪਾਏ ਗਏ ।

2) ਕੈਸ਼ ਬੁਕ -ਕਮ-ਡੇ-ਬੁੱਕ ਅਤੇ ਜਨਰਲ ਲੈਜਰ ਕੰਪਿਊਟਰਾਈਜ਼ਡ ਹੈ ਜਿਸ ਵਿਚ ਇੰਦਰਾਜ ਇਕ ਤੋਂ ਦੂਸਰੇ ਹੈਡ ਵਿਚ ਦਰਜ ਹਨ ਜੋ ਕਿ ਪੜਤਾਲ ਵਿਚ ਮੁਸ਼ਕਲ ਪੇਸ਼ ਆ ਰਹੀ ਹੈ ।

3) ਸਭਾ ਵਲੋਂ ਬੈਲੰਸ ਸ਼ੀਟ ਅਤੇ ਸਬੰਧਤ ਸੂਚੀਆਂ ਪੜਤਾਲ ਲਈ ਨਹੀਂ ਮਿਲੀਆਂ ।

4) ਬੈਂਕ ਅਕਾਊਂਟ ਨਹੀਂ ਮਿਲਾਇਆ ਗਿਆ । ਮੈਂਬਰਾਂ ਵਲੋਂ ਜਮ੍ਹਾਂ ਕਰਾਈ ਗਈ ਰਕਮ ਦਾ ਡਿਟੇਲ ਵੌਚਰ ਸਭਾ ਵਲੋਂ ਪੜਤਾਲ ਲਈ ਨਹੀਂ ਪੇਸ਼ ਕੀਤਾ ਜਿਸ ਦਾ ਮਿਲਾਣ ਬੈਂਕ ਸਟੇਟਮੈਂਟ ਅਤੇ ਜਨਰਲ ਲੈਜਰ ਨਾਲ ਕੀਤਾ ਜਾ ਸਕੇ । ਸਭਾ ਦੀਆਂ ਕਿਤਾਬਾਂ ਵਿਚ ਵੱਖ ਵੱਖ ਮਿਤੀਆਂ ਨੂੰ ਪੈਸੇ ਜਮ੍ਹਾਂ ਕੀਤੇ ਦਿਖਾਏ ਗਏ ਪ੍ਰੰਤੂ ਬੈਂਕ ਵਲੋਂ ਇੱਕਠਾ ਇੰਦਰਾਜ ਕੀਤਾ ਜਾਂਦਾ ਹੈ ਇਸ ਜਮ੍ਹਾਂ ਕਰਾਈ ਗਈ ਰਕਮ ਦੇ ਵੌਚਰ ਦੀ ਡਿਟੇਲ ਪੜਤਾਲ ਲਈ ਨਹੀਂ ਮਿਲੀ ਇਸ ਕਰਕੇ ਬੈਂਕ ਅਕਾਊਂਟ ਰੀ-ਕੰਨਸਾਈਲ ਕਰਨਾ ਔਖਾ ਹੈ ।

ਚਲਦਾ ਪੰਨਾ..2..

5) ਮੈਂਬਰਾਂ ਦੀ ਅਰਨਸਟ ਮਨੀ ਦਾ ਮਿਲਾਣ ਕਰਨ ਵਿਚ ਬਹੁਤ ਮੁਸ਼ਕਲ ਆ ਰਹੀ ਹੈ ਕਿਉਂਕਿ ਅਰਨਸਟ ਮਨੀ ਦੇ ਇੰਦਰਾਜ ਸਹੀ ਤਰੀਕੇ ਨਾਲ ਨਹੀਂ ਕੀਤੇ ਗਏ ਅਤੇ ਨਾਂ ਹੀ ਕੋਈ ਲਿਸਟ ਮੈਂਬਰਾਂ ਦੀ ਸਭਾ ਵਲੋਂ ਪੇਸ਼ ਕੀਤੀ ਗਈ ਹੈ । ਜੀ.ਐਲ. ਵਿਚ ਅਰਨਸਟ ਮਨੀ ਦਾ ਖਾਤਾ ਨਹੀਂ ਖੋਲਿਆ ਗਿਆ ।

6) ਠੇਕੇਦਾਰਾਂ ਦੇ ਕੰਸਟਰਕਸ਼ਨ ਸਬੰਧੀ ਸਾਰੇ ਬਿਲ ਰਿਕਾਰਡ ਵਿਚ ਨਹੀਂ ਹਨ ਜਿਸ ਲਈ ਚੈਕਿੰਗ ਲਈ ਮੁਸ਼ਕਲ ਆ ਰਹੀ ਹੈ ।

7) ਸਭਾ ਨੇ ਲੋਹੇ ਦਾ ਸਮਾਨ ਆਪ ਖਰੀਦ ਕੀਤਾ ਹੈ ਉਸ ਸਬੰਧੀ ਕੋਈ ਵੀ ਬਿਲ ਪੜਤਾਲ ਲਈ ਨਹੀਂ ਮਿਲਿਆ ਸਿਰਫ ਕਾਰਵਾਈ ਪੁਸਤਕ ਵਿਚ ਹੀ ਚੈਕਾਂ ਰਾਹੀਂ ਜਿਸ ਫਰਮ ਤੋਂ ਮਾਲ ਖਰੀਦ ਕੀਤਾ ਹੈ ਨੂੰ ਪੇਮੈਂਟ ਖਰੀਦ ਕੀਤੀ ਦਿਖਾਈ ਗਈ ਹੈ । ਕੋਈ ਸਟਾਕ ਰਜਿਸਟਰ ਨਹੀਂ ਲਗਾਇਆ ਗਿਆ ।

8) ਸਭਾ ਦੀ ਕਾਰਵਾਈ ਪੁਸਤਕ ਦੀ ਚੈਕਿੰਗ ਕਰਨ ਉਪਰੰਤ ਪਤਾ ਚਲਿਆ ਹੈ ਕਿ ਠੇਕੇਦਾਰਾਂ ਨੂੰ ਸਾਈਟ ਤੇ ਪਏ ਸਮਾਨ ਦੇ ਬਦਲੇ ਸਕਿਉਰਡ ਐਡਵਾਂਸ ਦਿੱਤਾ ਜਾਂਦਾ ਹੈ ਜੋ ਕਿ ਡੀ.ਐਨ.ਆਈ.ਟੀ. ਵਿਚ ਸਕਿਉਰਡ ਐਡਵਾਂਸ ਦੇਣ ਸਬੰਧੀ ਨਿਯਮ ਦਰਜ ਹਨ ਕਿ ਐਡਵਾਂਸ ਦੇਣ ਤੋਂ ਪਹਿਲੇ ਸਾਈਟ ਇੰਜੀਨੀਅਰ /ਆਰਕੀਟੈਕਟ ਵਲੋਂ ਪਏ ਸਮਾਨ ਦੀ ਵੈਰੀਫਿਕੇਸ਼ਨ ਕੀਤੀ ਜਾਣੀ ਬਣਦੀ ਹੈ ਅਤੇ ਉਸਦੇ ਬਦਲੇ 80% ਦਿੱਤਾ ਜਾ ਸਕਦਾ ਹੈ । ਪ੍ਰੰਤੂ ਸਭਾ ਵਿਚ ਸਾਈਟ ਤੇ ਪਏ ਮਟੀਰੀਅਲ ਸਬੰਧੀ ਕੋਈ ਸਪੋਰਟਿੰਗ ਡਾਕੂਮੈਂਟ / ਸਟਾਕ ਰਿਪੋਰਟ ਤਿਆਰ ਨਹੀਂ ਕੀਤੀ ਜਾਂਦੀ ਜਿਸ ਤੋਂ ਪਤਾ ਲਗ ਸਕੇ ਕਿ ਕਿੰਨੀ ਕੀਮਤ ਦਾ ਸਟਾਕ ਸਾਈਟ ਤੇ ਪਿਆ ਹੈ ਅਤੇ ਕਿੰਨਾ ਐਡਵਾਂਸ ਦੇਣਾ ਬਣਦਾ ਹੈ । ਪ੍ਰੰਤੂ ਸਭਾ ਨੇ ਅਰਸਾ ਪੜਤਾਲ ਦੌਰਾਨ ਐਡ ਓਨ ਬਿਲਡਰਸ ਨੂੰ ਤਕਰੀਬਨ ਵੱਖ ਵੱਖ ਮਿਤੀਆਂ ਨੂੰ 1 ਕਰੋੜ 61 ਲੱਖ 50 ਹਜ਼ਾਰ ਰੁਪਏ ਸਕਿਉਰਡ ਐਡਵਾਂਸ ਵਜੋਂ ਪੇਮੈਂਟ ਕੀਤੀ ਹੈ ਅਤੇ ਯੂ.ਟੀ. ਬਿਲਡਰਜ ਪ੍ਰਮੋਟਰ ਨੂੰ 3 ਕਰੋੜ 67 ਲੱਖ 50 ਹਜ਼ਾਰ ਸਕਿਉਰਡ ਐਡਵਾਂਸ ਵਜੋਂ ਪੇਮੈਂਟ ਕੀਤੀ ਹੈ । ਦਿੱਤੇ ਗਏ ਐਡਵਾਂਸ ਦੀ ਕਟੌਤੀ ਬਿਲਾਂ ਵਿਚੋਂ ਕਰਨੀ ਬਣਦੀ ਹੈ ਜੋ ਕਿ ਬਿਲ ਦੀ ਸਮਰੀ ਵਿਚ ਕਟੌਤੀ ਅਲਗ ਤੌਰ ਤੇ ਨਹੀਂ ਦਿਖਾਈ ਗਈ ।

ਚਲਦਾ ਪੰਨਾ..3..

ਜਿਸ ਤੋਂ ਸਪਸ਼ਟ ਹੋ ਸਕੇ ਕਿ ਸਕਿਉਰਡ ਐਡਵਾਂਸ ਦੀ ਪੇਮੈਂਟ ਕਿੰਨੀ ਐਡਜਸਟ ਹੋ ਗਈ ਹੈ ਤੇ ਕਿੰਨੀ ਬਾਕੀ ਰਹਿੰਦੀ ਹੈ । ਇਸ ਸਬੰਧੀ ਕੋਈ ਵੇਰਵਾ ਦਰਜ ਨਹੀਂ ਹੈ । ਸਿਰਫ ਬਿਲ ਵਿਚ ਆਲਰੇਡੀ ਪੇਡ ਦੇ ਤੌਰ ਤੇ ਦਿਖਾਇਆ ਗਿਆ । ਇਸ ਤਰ੍ਹਾਂ ਥੋੜੇ ਥੋੜੇ ਸਮੇਂ ਬਾਅਦ ਸਕਿਉਰਡ ਐਡਵਾਂਸ ਦਿੱਤਾ ਜਾਂਦਾ ਰਿਹਾ ਹੈ । ਜਿਸਦਾ ਸਭਾ ਨੂੰ ਨੁਕਸਾਨ ਪਹੁੰਚਿਆ ਹੈ ।

9) ਸਾਬਕਾ ਬੇਲੰਸ ਸ਼ੀਟ ਮੁਤਾਬਕ ਅਨੀਲ ਕੰਸਟਰਕਸ਼ਨ 676232/- ਰੁਪਏ ਲੈਣੇ ਬਣਦੇ ਸੀ ਪਰ ਸਮਾਂ ਪੜਤਾਲ ਦੌਰਾਨ ਉਸਨੂੰ 320000/- ਰੁਪਏ ਹੋਰ ਪੇਮੈਂਟ ਕੀਤੀ ਗਈ ਹੈ । ਜਦੋਂ ਕਿ ਫ਼ਰਮ ਵਲੋਂ ਅਰਸਾ ਪੜਤਾਲ ਕੋਈ ਬਿਲ ਸਭਾ ਨੂੰ ਨਹੀਂ ਦਿੱਤਾ ਗਿਆ, ਇਸ ਤਰ੍ਹਾਂ ਅਨੀਲ ਕੰਸਟਰਕਸ਼ਨ ਵਲ 996232/- ਲੈਣ ਯੋਗ ਖੜਗਏ ਹਨ ।

10) ਕਾਰਵਾਈ ਪੁਸਤਕ ਦੇ ਮਿਤੀ 20.11.04 ਦੇ ਮਤਾ ਨੰ: 4 ਅਨੁਸਾਰ ਐਮ.ਐਸ. ਡਿਜ਼ਾਇਨਰ ਕੰਨਸੋਰਟੀਅਨ ਪ੍ਰਾਈਵੇਟ ਲਿਮਟਿਡ ਨੂੰ ਬਤੌਰ ਆਰਕੀਟੈਕਟ ਨਿਯੁਕਤ ਕੀਤਾ ਹੈ ਇਸ ਦੀ ਨਿਯੁਕਤੀ ਕਾਰਵਾਈ ਅਨੁਸਾਰ ਪੂਰੇ ਫਲੈਟਾਂ ਦੀ ਕੰਸਟਰਕਸ਼ਨ ਦੀ ਲਮਸਮ ਪੇਮੈਂਟ 15 ਲੱਖ ਰੁਪਏ ਫਿਕਸ ਕੀਤੀ ਗਈ ਹੈ ਅਤੇ ਇਸੇ ਮਿਤੀ ਨੂੰ 4 ਲੱਖ ਰੁਪਏ ਐਡਵਾਂਸ ਦੇ ਤੌਰ ਤੇ ਦਿੱਤੇ ਗਏ ਹਨ ਪ੍ਰੰਤੂ ਕੋਈ ਟਰਮ ਅਤੇ ਕੰਡੀਸ਼ਨ ਸਬੰਧੀ ਕੋਈ ਵੇਰਵਾ ਦਰਜ ਨਹੀਂ ਹੈ ਅਤੇ ਪੇਮੈਂਟ ਕਦੋਂ ਕਦੋਂ ਤੇ ਕਿੰਨੀ ਕਿੰਨੀ ਕਰਨੀ ਹੈ । ਇਸ ਸਬੰਧੀ ਕੋਈ ਵੱਖਰਾ ਰਿਕਾਰਡ ਨਹੀ ਮਿਲਿਆ ।

11) ਕਾਰਵਾਈ ਪੁਸਤਕ ਦੇ ਪੰਨਾ ਨੰਬਰ 47 ਮਿਤੀ 12.09.04 ਨੂੰ ਸਭਾ ਦਾ ਆਮ ਇਜਲਾਸ ਜੋ ਬਲਬੀਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਇਆ ਇਸ ਮਤੇ ਅਨੁਸਾਰ ਏਜੰਡਾ ਨੰਬਰ 5 ਵਿਚ ਪ੍ਰਬੰਧਕ ਕਮੇਟੀ ਦੁਆਰਾ ਮਿਤੀ 19.01.04 ਨੂੰ 39 ਮੈਂਬਰਾਂ ਨੂੰ ਐਲੋਕੇਟ ਕੀਤੇ ਮਕਾਨਾਂ ਦੇ ਅਲਾਟਮੈਂਟ ਲੈਟਰ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ । ਇਹਨਾਂ ਮੈਂਬਰਾਂ ਦੀ ਲਿਸਟ ਸਭਾ ਵਲੋਂ ਪੇਸ਼ ਨਹੀਂ ਕੀਤੀ ਗਈ ਅਤੇ 12.09.04 ਦੇ ਹੀ ਮਤਾ ਨੰਬਰ 7 ਵਿਚ ਇਨ੍ਹਾਂ ਪਹਿਲੇ 39 ਫਲੈਟਾਂ ਨੂੰ ਐਲੋਕੇਟ ਕੀਤੇ ਮੈਂਬਰਾਂ ਨੂੰ ਫਲੈਟਾਂ ਦੀਆਂ ਕੀਮਤਾਂ ਤੇ 1 ਲੱਖ ਰੁਪਏ ਪ੍ਰਤੀ ਫਲੈਟ ਕਨਸੈਸ਼ਨ ਦਿੱਤੀ ਗਈ ਹੈ ਅਤੇ ਹੋਰ ਕਿਸੇ ਮੈਂਬਰ ਨੂੰ ਕਨਸੈਸ਼ਨ ਨਹੀਂ ਦਿੱਤੀ ਗਈ ਜੋ ਕਿ ਨਿਯਮਾਂ ਅਨੁਸਾਰ ਗਲਤ ਹੈ । ਇਸ ਨਾਲ ਸਭਾ ਨੂੰ 39 ਲੱਖ ਰੁਪਏ ਦਾ ਘਾਟਾ ਪਿਆ ਹੈ ।

ਚਲਦਾ ਪੰਨਾ ...4

12) ਐਮ.ਬੀ. ਪੜਤਾਲ ਲਈ ਪੇਸ਼ ਕੀਤੀਆਂ ਗਈਆਂ ਪਰ ਐਮ.ਬੀ. ਵਿਚ ਇੰਦਰਾਜ ਪੂਰੀ ਡਿਟੇਲ ਦੇ ਕੇ ਨਹੀਂ ਕੀਤੇ ਗਏ ਜਿਸ ਤੋਂ ਪਤਾ ਲਗ ਸਕੇ ਕਿ ਦਿੱਤੇ ਗਏ ਐਡਵਾਂਸ ਦੀ ਕਟੌਤੀ ਕੀਤੀ ਗਈ ਹੈ ਅਤੇ ਐਡਵਾਂਸ ਦੇਣ ਸਮੇਂ ਵੀ ਐਮ.ਬੀ. ਵਿਚ ਸਾਈਟ ਤੇ ਪਏ ਮਟੀਰੀਅਲ ਦੀ ਡਿਟੇਲ ਨਹੀਂ ਦਿੱਤੀ ਗਈ ਜੋ ਕਿ ਦੇਣੀ ਬਣਦੀ ਹੈ। ਕਈ ਬਿਲ/ਐਮ.ਬੀ. ਵਿਚ ਪੇਮੈਂਟ ਨੂੰ ਗਰਾਸ ਪੇਮੈਂਟ ਕਰਕੇ ਅਤੇ ਕਈ ਬਿਲ/ਐਮ.ਬੀ. ਵਿਚ ਨੇਟ ਪੇਮੈਂਟ ਦੇ ਹਿਸਾਬ ਨਾਲ ਪਾਸ ਕੀਤੀ ਹੈ। ਕਈ ਬਿਲਾਂ ਦੀ ਐਮ.ਬੀ. ਵਿਚ ਸਮਗੀ ਨਹੀਂ ਬਣਾਈ ਗਈ।

13) ਸਭਾ ਦਾ ਸਬੰਧਤ ਨਿਰੀਖਕ 10 ਦਿਨਾਂ ਦੀ ਛੁੱਟੀ ਤੇ ਚਲਾ ਗਿਆ ਹੈ। ਇਸ ਲਈ ਸਭਾ ਦੀ ਪੜਤਾਲ ਕਰਨ ਵਿਚ ਮੁਸ਼ਕਲ ਆ ਰਹੀ ਹੈ ਕਿਉਂਕਿ ਸਭਾ ਦਾ ਰਿਕਾਰਡ ਪੜਤਾਲ ਲਈ ਪੂਰਾ ਨਹੀਂ ਮਿਲਿਆ। ਰਿਕਾਰਡ ਸਬੰਧੀ ਜਿਆਦਾ ਜਾਣਕਾਰੀ ਸਬੰਧਤ ਨਿਰੀਖਕ ਨੂੰ ਹੀ ਹੈ। ਸਭਾ ਦਾ ਪੂਰਾ ਰਿਕਾਰਡ ਮਿਲਣ ਤੇ ਹੀ ਅਤੇ ਸਬੰਧਤ ਸੂਚੀਆਂ ਜੋ ਪੜਤਾਲ ਲਈ ਜਰੂਰੀ ਹਨ। ਮਿਲਣ ਤੇ ਹੀ ਆਡਿਟ ਦਾ ਕੰਮ ਮੁਕੰਮਲ ਹੋ ਸਕਦਾ ਹੈ।

ਇੰਸਪੈਕਟਰ ਆਡਿਟ,
ਸਹਿਕਾਰੀ ਸਭਾਵਾਂ,
ਖਰੜ

ਇੰਸਪੈਕਟਰ ਆਡਿਟ,
ਸਹਿਕਾਰੀ ਸਭਾਵਾਂ,
ਫੋਕਲ ਪੁਆਇੰਟ ਮੀਆਂਪੁਰ

ਉਪਰੋਕਤ ਦਾ ਉਤਾਰ :-

1) ਚੀਫ ਐਡੀਟਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।

2) ਆਡਿਟ ਅਫਸਰ, ਸਹਿਕਾਰੀ ਸਭਾਵਾਂ, ਰੋਪੜ।

ਨੂੰ ਜਰੂਰੀ ਸੂਚਨਾ ਹਿਤ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ।

ਇੰਸਪੈਕਟਰ ਆਡਿਟ,
ਸਹਿਕਾਰੀ ਸਭਾਵਾਂ,
ਫੋਕਲ ਪੁਆਇੰਟ ਮੀਆਂਪੁਰ